media release

ਤੁਰੰਤ ਰਿਲੀਜ ਲਈ

## 2019 ਦੀ ਬ੍ਰੈਂਪਟਨ ਵਿਜੀਟਰ ਗਾਈਡ ਨਾਲ ਬ੍ਰੈਂਪਟਨ ਬਾਰੇ ਜਾਣੋ

ਬ੍ਰੈਂਪਟਨ, ਓਨਟੈਰੀਓ (30 ਅਪ੍ਰੈਲ, 2019) – ਸ਼ਾਨਦਾਰ ਕੁਦਰਤੀ ਥਾਵਾਂ ਅਤੇ ਟ੍ਰੇਲਾਂ ਤੋਂ ਲੈ ਕੇ, ਵੱਡੇ ਸੱਭਿਆਚਾਰਕ ਕਾਰਜਕਰਮਾਂ ਅਤੇ ਭੋਜਨ ਸਬੰਧੀ ਅਨੁਭਵਾਂ ਤੱਕ, ਬ੍ਰੈਂਪਟਨ ਵਿੱਚ ਹਰ ਉਮਰ ਦੇ ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਾਂ) ਲਈ ਬਹੁਤ ਕੁਝ ਹੈ।

ਇਸ ਬਾਰੇ ਹਰ ਜਾਣਕਾਰੀ ਪ੍ਰਾਪਤ ਕਰਨ ਲਈ, 2019 ਦੀ ਬ੍ਰੈਂਪਟਨ ਵਿਜੀਟਰ ਗਾਈਡ (2019 Brampton Visitor Guide) ਹੁਣ ਔਨਲਾਈਨ ਉਪਲਬਧ ਹੈ। ਇਸਦਾ ਛਪਿਆ ਹੋਇਆ ਸੰਸਕਰਨ ਵੀ ਉਪਲਬਧ ਹੈ। ਨਿਵਾਸੀ ਅਤੇ ਆਉਣ ਵਾਲੇ ਬ੍ਰੈਂਪਟਨ ਸਿਟੀ ਹਾਲ (Brampton City Hall) ਵਿਖੇ ਇਸਦੀ ਇੱਕ ਪ੍ਰਿੰਟ ਕਾਪੀ ਲੈ ਸਕਦੇ ਹਨ, ਜਾਂ ਇਸਦਾ ਇਲੈਕਟ੍ਰੌਨਿਕ ਸੰਸਕਰਨ www.brampton.ca/tourism ਤੋਂ ਡਾਊਨਲੋਡ ਕਰ ਸਕਦੇ ਹਨ।

ਸਾਲਾਨਾ ਗਾਈਡ ਵਿੱਚ ਬ੍ਰੈਂਪਟਨ ਦੇ ਲੋਕਾਂ, ਥਾਵਾਂ, ਕਾਰਜਕਰਮ ਅਤੇ ਵਿਰਸੇ ਬਾਰੇ ਦੱਸਿਆ ਗਿਆ ਹੈ, ਅਤੇ ਇਹ ਪਾਠਕਾਂ ਨੂੰ ਸਾਡੀ ਵੰਨ-ਸੁਵੰਨੀ ਸਿਟੀ ਵਿੱਚ ਨਵੇਂ ਅਨੁਭਵ ਲੈਣ ਲਈ ਸੱਦਾ ਦਿੰਦੀ ਹੈ।

**ਝਲਕੀਆਂ**

- ਇਸ ਸਾਲ ਦੀ ਗਾਈਡ ਵਿੱਚ ਪੇਸ਼ ਕੀਤੇ ਪੰਜਾਹ ਪ੍ਰਤੀਸ਼ਤ ਚਿੱਤਰ ਉਹ ਹਨ, ਜੋ ਨਿਵਾਸੀਆਂ ਅਤੇ ਆਉਣ ਵਾਲਿਆਂ ਨੇ ਸੋਸ਼ਲ ਮੀਡੀਆ ਤੇ ਸਾਂਝੇ ਕੀਤੇ ਸਨ।
- ਕਈ ਪ੍ਰਸਿੱਧ ਬ੍ਰੈਂਪਟਨ ਵਾਸੀਆਂ ਨੂੰ ਇਸ ਸਾਲ ਦੀ ਗਾਈਡ ਵਿੱਚ ਪੇਸ਼ ਕੀਤਾ ਗਿਆ ਹੈ, ਇਹਨਾਂ ਵਿੱਚ ਸ਼ਾਮਲ ਹਨ:
  - ਪ੍ਰਸਿੱਧ ਕਵਿਤਰੀ ਅਤੇ ਬ੍ਰੈਂਪਟਨ ਆਰਟਸ ਵਾਕ ਆਫ ਫੇਮ (Brampton Arts Walk of Fame) ਵਿੱਚ ਸ਼ਾਮਲ ਕੀਤੀ ਜਾਣ ਵਾਲੀ ਸ਼ਖਸੀਅਤ ਰੂਪੀ ਕੌਰ (Rupi Kaur)।
  - ਪ੍ਰਭਾਵਸ਼ਾਲੀ, ਪ੍ਰੇਰਕ ਸਪੀਕਰ, ਉੱਦਮੀ ਅਤੇ ਬ੍ਰੈਂਪਟਨ ਦੇ ਸੰਸਥਾਪਕ ਟੀ ਬਾਇ ਡੇਨੀਅਲ (T by Daniel), ਡੇਨੀਅਲ ਲੇਵਿਸ (Daniel Lewis)।
  - ਗੀਤਕਾਰ ਅਤੇ ਸੰਗੀਤ ਕਲਾਕਾਰ ਰਾਜ਼ (Raz)।
- ਬ੍ਰੈਂਪਟਨ ਦਾ ਵਰਲਡ ਫੂਡ ਟੂਰ ਅਤੇ "ਸਿਰਫ਼ ਬ੍ਰੈਂਪਟਨ ਵਿੱਚ" ("Only in Brampton") ਦੇ ਖਾਸ ਵਿਅੰਜਨ।
- ਸ਼ਹਿਰ ਤੋਂ ਬਾਹਰ ਜਾਏ ਬਿਨਾਂ ਆਉਟਡੋਰ ਗਤੀਵਿਧੀਆਂ ਦਾ ਅਨੰਦ ਮਾਣਨ ਲਈ ਪਾਰਕ, ਟ੍ਰੇਲਾਂ ਅਤੇ ਫੈਸਿਲਿਟੀਜ।
- ਥਿਏਟਰਾਂ, ਗੈਲਰੀਆਂ ਅਤੇ ਇਤਿਹਾਸਕ ਥਾਵਾਂ ਤੋਂ ਕਲਾ, ਸੱਭਿਆਚਾਰ ਅਤੇ ਵਿਰਸੇ ਸਬੰਧੀ ਪੇਸ਼ਕਾਰੀਆਂ।
- ਪੂਰਾ ਸਾਲ ਹੋਣ ਵਾਲੀਆਂ ਗਤੀਵਿਧੀਆਂ ਅਤੇ ਪੂਰੇ ਸ਼ਹਿਰ ਵਿੱਚ ਘੁੰਮਣ ਲਈ ਥਾਵਾਂ।

2019 ਦੀ ਬ੍ਰੈਂਪਟਨ ਵਿਜੀਟਰ ਗਾਈਡ ਟੂਰਿਜ਼ਮ ਟੋਰੋਂਟੋ (Tourism Toronto), ਓਨਟੈਰੀਓ ਦੇ ਰੀਜਨਲ ਟੂਰਿਜ਼ਮ ਓਰਗੇਨਾਈਜੇਸ਼ਨ #5 (Regional Tourism Organization #5) ਅਤੇ ਸਿਟੀ ਆਫ ਬ੍ਰੈਂਪਟਨ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਗਾਈਡ ਦੀਆਂ ਕਾਪੀਆਂ ਪੂਰੇ ਓਨਟੈਰੀਓ ਦੇ ਟੂਰਿਜ਼ਮ ਜਾਣਕਾਰੀ ਕੇਂਦਰਾਂ, ਚੈਂਬਰਸ ਆਫ ਕੋਮਰਸ, ਹੋਟਲਾਂ, ਇੰਡਸਟਰੀ ਟੂਰ ਆਪਰੇਟਰਾਂ ਆਦਿ ਨੂੰ ਵੰਡੀਆਂ ਜਾਂਦੀਆਂ ਹਨ।

**ਹਵਾਲਾ**

"ਬ੍ਰੈਂਪਟਨ ਨਿਵਾਸੀਆਂ ਅਤੇ ਆਉਣ ਵਾਲਿਆਂ ਲਈ ਕਈ ਇੱਕੋ ਜਿਹੇ ਆਧੁਨਿਕ ਅਤੇ ਬੇਜੋੜ ਅਨੁਭਵ ਪੇਸ਼ ਕਰਦਾ ਹੈ। ਬ੍ਰੈਂਪਟਨ ਵਿੱਚ, ਭੋਜਨ ਸਬੰਧੀ ਅਸਧਾਰਨ ਪੇਸ਼ਕਸ਼ਾਂ ਅਤੇ ਤਿਉਹਾਰਾਂ, ਸੰਗੀਤ ਅਤੇ ਡ੍ਰਾਮੇ ਸਮੇਤ ਇੱਕ ਰੋਮਾਂਚਕ ਅਤੇ ਉੱਭਰਦੀ ਸੱਭਿਆਚਾਰਕ ਸਥਿਤੀ ਤੋਂ ਲੈ ਕੇ, ਟ੍ਰੇਲਾਂ ਅਤੇ ਪਾਰਕਾਂ ਦੇ

ਵਿਆਪਕ ਨੈੱਟਵਰਕ ਤੱਕ ਸਭ ਕੁਝ ਹੈ। ਮੈਂ ਹਰ ਕਿਸੇ ਨੂੰ ਵਿਜੀਟਰ ਗਾਈਡ ਦੀ ਕਾਪੀ ਲੈਣ ਲਈ ਜਾਂ ਇਸਨੂੰ ਔਨਲਾਈਨ ਦੇਖਣ ਲਈ ਉਤਸ਼ਾਹਿਤ ਕਰਦਾ ਹਾਂ। ਇਹ ਸਾਡੇ ਸ਼ਹਿਰ ਨੂੰ ਜਾਣਨ ਦਾ ਸਭ ਤੋਂ ਵਧੀਆ ਤਰੀਕਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca